ਜ਼ਰੂਰੀ ਸੁਰੱਖਿਆ ਸੁਨੇਹਾ

# ਕਿਰਪਾ ਕਰਕੇ ਪੁੱਛੋ...ਕਿਰਪਾ ਕਰਕੇ ਦੱਸੋ

## ਆਪਣੇ ਆਪ ਨੂੰ ਹਸਪਤਾਲ ਵਿਚ ਸੁਰੱਖਿਅਤ ਰੱਖਣ ਲਈ ਤੁਸੀਂ ਕੀ ਕਰ ਸਕਦੇ ਹੋ

- ਆਪਣੇ ਦੇਖਭਾਲ ਕਰਨ ਵਾਲੇ ਨੂੰ ਆਪਣੀ ਸਿਹਤ ਦੇ ਪੂਰੇ ਪਿਛੋਕੜ ਬਾਰੇ ਦੱਸੋ ਸਮੇਤ ਆਪਣੀਆਂ ਇਲਾਜ ਵਾਲੀਆਂ ਦਵਾਈਆਂ ਅਤੇ ਜੜੀ-ਬੂਟੀਆਂ ਦੇ।

- ਇਹ ਚੈੱਕ ਕਰੋ ਕਿ ਤੁਹਾਡੇ ਗੁੱਟ ਦੇ ਸ਼ਨਾਖ਼ਤੀ ਬੈਂਡ ਤੇ ਸਾਰੀ ਜਾਣਕਾਰੀ ਸਹੀ ਹੈ ।ਜੇਕਰ ਸਹੀ ਨਹੀਂ ਹੈ ਤਾਂ ਆਪਣੀ ਨਰਸ ਨੂੰ ਦੱਸੋ ।

- ਆਪਣੇ ਹੱਥਾਂ ਨੂੰ ਸਾਦੇ ਪਾਣੀ ਅਤੇ ਸਾਬਣ ਨਾਲ ਅਕਸਰ ਧੋਵੋ।

- ਆਪਣੀ ਦੇਖਭਾਲ ਕਰਨ ਵਾਲੇ ਨੂੰ ਪੁੱਛੋ ਕਿ ਤੁਹਾਡੀ ਦੇਖਭਾਲ ਕਰਨ ਤੋਂ ਪਹਿਲਾਂ ਉਸ ਨੇ ਆਪਣੇ ਹੱਥ ਸਾਫ਼ ਕੀਤੇ ਹਨ।

- ਜੇ ਹਸਪਤਾਲ ਵਿਚ ਦਿੱਤੀ ਜਾਣ ਵਾਲੀ ਦਵਾਈ ਦੀ ਮਾਤਰਾ ਘਰੇ ਲੈ ਕੇ ਜਾਣ ਵਾਲੀ ਦੁਆਈ ਤੋਂ ਵੱਖਰੀ ਹੈ ਤਾਂ ਪੁੱਛੋ ਕਿ ਇਸ ਤਰਾਂ ਕਿਉਂ ਹੈ।

- ਜੇਕਰ ਤੁਸੀਂ ਕੋਈ ਨਵੀਂ ਦਵਾਈ ਲੈ ਰਹੇ ਹੋ ਤਾਂ ਉਸ ਬਾਰੇ ਜਾਣਕਾਰੀ ਹਾਸਲ ਕਰੋ।

- ਆਪਣੀ ਸਥਿਤੀ ਦੇ ਬਦਲਾਅ ਬਾਰੇ, ਭਾਵੇਂ ਉਹ ਥੋੜ੍ਹੀ ਹੀ ਹੋਵੇ, ਆਪਣੀ ਨਰਸ ਜਾਂ ਡਾਕਟਰ ਨੂੰ ਉਸੇ ਵਕਤ ਰਿਪੋਰਟ ਕਰੋ।

- ਕੋਈ ਚੀਜ਼ ਜੇ ਤੁਹਾਨੂੰ ਸਮਝ ਨਾ ਆਉਂਦੀਂ ਹੋਵੇ ਜਾਂ ਤੁਹਾਨੂੰ ਅਸਾਧਾਰਨ ਲੱਗੇ ਤਾਂ ਤੁਸੀਂ ਉਸ ਬਾਰੇ ਜ਼ਰੂਰ ਸਵਾਲ ਪੁੱਛੋ

- ਜਦੋਂ ਤੁਹਾਨੂੰ ਹਸਪਤਾਲ ਵਿਚੋਂ ਛੁੱਟੀ ਮਿਲ ਰਹੀ ਹੋਵੇ ਤੁਸੀਂ ਆਪਣੇ ਡਾਕਟਰ ਜਾਂ ਨਰਸ ਕੋਲੋਂ ਆਪਣੇ ਘਰ ਵਿਚ ਆਪਣੇ ਇਲਾਜ ਦੀ ਵਿਧੀ ਬਾਰੇ ਸਮਝੋ। ਆਪਣੀ ਸਰਗਰਮੀ, ਦਵਾਈ ਦੀ ਵਰਤੋਂ, ਖ਼ੁਰਾਕ, ਦੁਬਾਰਾ ਨਰੀਖਣ ਅਤੇ ਮੁਲਾਕਾਤ ਨੂੰ ਤੁਹਾਡੇ ਲਈ ਲਿਖ ਕੇ ਦੇਣ ਲਈ ਆਖੋ।

ਵਲੋਂ ਲਿਆ ਗਿਆ

BRITISH COLUMBIA | BC Patient Safety & Quality Council

fraserhealth

Print Shop # 264315 (February 2011) Punjabi